WCB FACTS 2023

ਪ੍ਰੋਡਕਸ਼ਨ ਕੰਪਨੀਆਂ

ਕੀ ਪ੍ਰੋਡਕਸ਼ਨ ਕੰਪਨੀਆਂ ਨੂੰ ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB) ਕੋਲੋਂ ਕਵਰੇਜ ਖਰੀਦਣ ਦੀ ਲੋੜ ਹੁੰਦੀ ਹੈ?

ਪ੍ਰੋਡਕਸ਼ਨ ਕੰਪਨੀਆਂ ਨੂੰ ਮਨੋਰੰਜਨਕਰਤਾਵਾਂ ਤੋਂ ਇਲਾਵਾ ਸਾਰੇ ਕਰਮਚਾਰੀਆਂ ਲਈ ਕਵਰੇਜ ਖਰੀਦਣ ਦੀ ਲੋੜ ਹੁੰਦੀ ਹੈ। ਮਨੋਰੰਜਨਕਰਤਾਵਾਂ ਵਿੱਚ ਅਦਾਕਾਰ, ਸਟੰਟ ਕਰਨ ਵਾਲੇ ਵਿਅਕਤੀ ਅਤੇ ਹੋਰ ਅਜਿਹਾ ਵਿਅਕਤੀ ਸ਼ਾਮਲ ਹੈ ਜੋ ਕੈਮਰੇ ਦੇ ਸਾਹਮਣੇ ਕੰਮ ਕਰਦਾ ਹੈ। ਮਨੋਰੰਜਨਕਰਤਾਵਾਂ ਨੂੰ ਕਰਮਚਾਰੀਆਂ ਦੇ ਮੁਆਵਜ਼ੇ ਵਾਲੀ ਕਵਰੇਜ ਲੈਣ ਦੀ ਲੋੜ ਨਹੀਂ ਪੈਂਦੀ; ਪਰ WCB ਇਹਨਾਂ ਵਿਅਕਤੀਆਂ ਨੂੰ ਕਵਰੇਜ ਵੇਚਦਾ ਹੈ।

ਕੀ ਮਨੋਰੰਜਨਕਰਤਾਵਾਂ ਤੋਂ ਇਲਾਵਾ, ਨਿਰਮਾਣ ਵਿੱਚ ਕੰਮ ਕਰਦੇ ਸਾਰੇ ਵਿਅਕਤੀਆਂ ਨੂੰ ਵਰਕਰ ਸਮਝਿਆ ਜਾਂਦਾ ਹੈ?

ਨਹੀਂ। "ਵਰਕਰ" ਸ਼ਬਦ, "ਕਰਮਚਾਰੀ" ਸ਼ਬਦ ਵਰਗਾ ਹੈ ਅਤੇ ਉਦਯੋਗ ਵਿੱਚ ਕੰਮ ਕਰਦੇ ਕੁਝ ਲੋਕ ਵਰਕਰਾਂ ਦੀ ਬਜਾਏ ਸੁਤੰਤਰ ਕੰਟ੍ਰੈਕਟਰ (ਠੇਕੇਦਾਰ) ਹੁੰਦੇ ਹਨ। ਕਿਸੇ ਵਿਅਕਤੀ ਦੀ ਸਥਿਤੀ ਨਿਰਧਾਰਤ ਕਰਨ ਲਈ, WCB ਨੂੰ ਕੁਝ ਕਾਰਕਾਂ ਦੀ ਸਮੀਖਿਆ ਕਰਨ ਦੀ ਲੋੜ ਪੈ ਸਕਦੀ ਹੈ ਜਿਵੇਂ ਕਿ ਸਾਮੂਹਿਕ ਇਕਰਾਰਨਾਮਾ, ਰੁਜ਼ਗਾਰ ਦਾ ਅਨੁਬੰਧ, ਅਦਾ ਕੀਤੇ ਮੁਆਵਜ਼ੇ ਦੀ ਰਕਮ ਅਤੇ ਕਿਸਮ, ਅਤੇ ਕੀ ਅਧਿਕਾਰਾਂ ਅਤੇ ਰੋਇਲਟੀਆਂ ਆਦਿ ਦਾ ਭੁਗਤਾਨ ਕੀਤਾ ਜਾ ਰਿਹਾ ਹੈ ਜਾਂ ਨਹੀਂ।

ਕੀ ਇੱਕ ਪ੍ਰੋਡਕਸ਼ਨ ਕੰਪਨੀ ਪ੍ਰੋਡਕਸ਼ਨ ਨਾਲ ਸਬੰਧਤ ਹਰੇਕ ਵਿਅਕਤੀ ਨੂੰ ਕਵਰੇਜ ਮੁਹੱਈਆ ਕਰਵਾ ਸਕਦੀ ਹੈ?

ਹਾਂ। ਪ੍ਰੋਡਕਸ਼ਨ ਕੰਪਨੀਆਂ ਪ੍ਰੋਡਕਸ਼ਨ ਨਾਲ ਸਬੰਧਤ ਸਾਰੇ ਵਿਅਕਤੀਆਂ ਨੂੰ ਕਵਰੇਜ ਮੁਹੱਈਆ ਕਰਵਾ ਸਕਦੀਆਂ ਹਨ ਜਿਨ੍ਹਾਂ ਵਿੱਚ ਅਦਾਕਾਰ, ਮਨੋਰੰਜਨਕਰਤਾ, ਡਾਇਰੈਕਟਰ, ਅਤੇ ਲੇਖਕ ਆਦਿ ਸ਼ਾਮਲ ਹਨ। ਕੁਝ ਹਾਲਾਤ ਵਿੱਚ, ਇਹਨਾਂ ਵਿਅਕਤੀਆਂ ਨੂੰ ਸੁਤੰਤਰ ਕੰਟ੍ਰੈਕਟਰ ਵੀ ਸਮਝਿਆ ਜਾ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਸੁਤੰਤਰ ਕੰਟ੍ਰੈਕਟਰਾਂ ਨੂੰ ਕਵਰੇਜ ਮਿਲੇ, ਪ੍ਰੋਡਕਸ਼ਨ ਕੰਪਨੀ ਨੂੰ ਲਾਜ਼ਮੀ ਤੌਰ ਤੇ ਰਜਿਸਟ੍ਰੇਸ਼ਨ ਸਮੇਂ ਕਵਰੇਜ ਲਈ ਬੇਨਤੀ ਕਰਨੀ ਚਾਹੀਦੀ ਹੈ ਅਤੇ ਹਰੇਕ ਵਿਅਕਤੀ ਜੋ ਸੁਤੰਤਰ ਕੰਟ੍ਰੈਕਟਰ ਹੈ ਉਸ ਨੂੰ ਲਾਜ਼ਮੀ ਤੌਰ ਤੇ ਕਵਰੇਜ ਲਈ ਅਰਜ਼ੀ ਭਰਨੀ ਚਾਹੀਦੀ ਹੈ।

ਭਰੀਆਂ ਗਈਆਂ ਅਰਜ਼ੀਆਂ ਨੂੰ ਕਵਰੇਜ ਖਰੀਦਣ ਸਮੇਂ WCB ਨੂੰ ਮੁਹੱਈਆ ਕਰਨ ਦੀ ਲੋੜ ਨਹੀਂ ਹੁੰਦੀ, ਪਰ ਇਸ ਨੂੰ ਪ੍ਰੋਡਕਸ਼ਨ ਕੰਪਨੀ ਦੁਆਰਾ ਸੰਭਾਲ ਕੇ ਰੱਖਣਾ ਚਾਹੀਦਾ ਹੈ ਤਾਂ ਜੋ ਦਾਅਵਾ ਦਾਇਰ ਕਰਨ ਦੀ ਸੂਰਤ ਵਿੱਚ ਇਹ WCB ਨੂੰ ਮੁਹੱਈਆ ਕੀਤੀਆਂ ਜਾ ਸਕਣ।

ਕੀ ਚੋਣਵੀਂ ਕਵਰੇਜ ਵਾਲੇ ਵਿਅਕਤੀਆਂ, ਜਿਸ ਵਿੱਚ ਸੁਤੰਤਰ ਕੰਟ੍ਰੈਕਟਰ ਅਤੇ ਪ੍ਰੋਡਕਸ਼ਨ ਕੰਪਨੀ ਵੀ ਸ਼ਾਮਲ ਹੈ, *ਨੂੰ ਵਰਕਰਜ਼ ਕਮਪਨਸੇਸ਼ਨ ਐਕਟ (Workers Compensation Act)* ਦੇ ਪ੍ਰਬੰਧਾਂ ਵਿੱਚ ਮੁਕੱਦਮਿਆਂ ਤੋਂ ਸੁਰੱਖਿਆ ਮਿਲਦੀ ਹੈ।

ਹਾਂ। ਜੇ ਪ੍ਰੋਡਕਸ਼ਨ ਕੰਪਨੀ ਪ੍ਰੋਡਕਸ਼ਨ ਨਾਲ ਸਬੰਧਤ ਸਾਰੇ ਵਿਅਕਤੀਆਂ ਨੂੰ ਬੀਮਾ ਸੁਰੱਖਿਆ ਦੇਣ ਦੀ ਚੋਣ ਕਰਦੀ ਹੈ ਅਤੇ ਜੇ ਕੰਮ ਨਾਲ ਸਬੰਧਤ ਸੱਟ ਜਾਂ ਬਿਮਾਰੀ ਤੋਂ ਬਾਅਦ ਸ਼ਾਮਲ ਵਿਅਕਤੀ(ਆਂ) ਲਈ ਭਰਿਆ ਹੋਇਆ ਦਰਖਾਸਤ ਫਾਰਮ ਪੇਸ਼ ਕਰ ਸਕਦੀ ਹੈ, ਤਾਂ ਚੋਣਵੀ ਕਵਰੇਜ ਵਾਲੀ ਪ੍ਰੋਡਕਸ਼ਨ ਕੰਪਨੀ ਅਤੇ ਵਿਅਕਤੀਆਂ, ਦੋਵਾਂ, ਨੂੰ ਇੱਕ ਦੂਜੇ ਦੀ ਅਤੇ ਸਾਰੇ ਹੋਰ ਕਵਰੇਜ ਵਾਲੇ ਮਾਲਕਾਂ ਅਤੇ ਕਰਮਚਾਰੀਆਂ ਦੇ ਸੰਭਾਵੀ ਮੁਕੱਦਮਿਆਂ ਤੋਂ ਸੁਰੱਖਿਅਤ ਕੀਤਾ ਜਾਵੇਗਾ।

ਕਿਸ ਪੇਰੋਲ ਨੂੰ ਸੁਤੰਤਰ ਠੇਕੇਦਾਰਾਂ ਲਈ ਮੁਲਾਂਕਣਯੋਗ ਸਮਝਿਆ ਜਾਂਦਾ ਹੈ?

2023 ਦੇ ਪੇਰੋਲ ਲਈ, ਪ੍ਰਤੀ ਵਿਅਕਤੀ $153,380 ਤੱਕ ਨੂੰ ਮੁਲਾਂਕਣਯੋਗ ਸਮਝਿਆ ਜਾਂਦਾ ਹੈ।

ਜੇ ਪ੍ਰੋਡਕਸ਼ਨ ਵਿੱਚ ਕੰਮ ਕਰਦੇ ਕਿਸੇ ਵਿਅਕਤੀ ਨੂੰ ਕੰਮ ਵਾਲੀ ਥਾਂ ਤੇ ਸੱਟ ਲੱਗਦੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜਿਵੇਂ ਹੀ ਤੁਹਾਨੂੰ ਸੱਟ ਲੱਗਣ ਬਾਰੇ ਸੂਚਿਤ ਕੀਤਾ ਜਾਂਦਾ ਹੈ, WCB ਕੋਲ ਦਾਅਵੇ ਦੀ ਰਿਪੋਰਟ ਕਰੋ। WCB ਇਹ ਨਿਰਧਾਰਣ ਕਰੇਗਾ ਕਿ ਕੀ ਵਿਅਕਤੀ ਇੱਕ ਵਰਕਰ ਹੈ ਜਾਂ ਇੱਕ ਸੁਤੰਤਰ ਕੰਟ੍ਰੈਕਟਰ ਅਤੇ, ਪ੍ਰੋਡਕਸ਼ਨ ਕੰਪਨੀ ਤੋਂ ਅਰਜ਼ੀ ਦੀ ਨਕਲ ਅਤੇ ਹੋਰ ਦਸਤਾਵੇਜ਼ਾਂ ਦੀ ਬੇਨਤੀ ਕਰੇਗਾ।

ਜੇ ਸੱਟ ਅਤੇ ਨਤੀਜੇ ਵੱਜੋਂ ਆਮਦਨ ਦਾ ਨੁਕਸਾਨ ਇਕਰਾਰਨਾਮੇ ਦੀ ਮਿਆਦ ਤੋਂ ਬਾਅਦ ਜਾਰੀ ਰਹਿੰਦਾ ਹੈ, ਤਾਂ ਮਜ਼ਦੂਰੀ ਦੀ ਹਾਨੀ ਦੇ ਫਾਇਦਿਆਂ ਦੀ ਗਣਨਾ WCB ਦੀ ਔਸਤ ਕਮਾਈ ਦੀ ਨੀਤੀ ਮੁਤਾਬਕ ਕੀਤੀ ਜਾਵੇਗੀ ਅਤੇ $153,380 ਦੀ ਵੱਧ ਤੋਂ ਵੱਧ ਚੋਣਵੀ ਕਵਰੇਜ ਪੱਧਰ ਤੱਕ ਭੁਗਤਾਨ ਕੀਤਾ ਜਾਵੇਗਾ। ਤਨਖਾਹ ਦੇ ਨੁਕਸਾਨ ਦੇ ਜਾਰੀ ਫਾਇਦਿਆਂ ਦੇ ਭੁਗਤਾਨ ਲਈ ਕਮਾਈਆਂ ਦੀ ਪੁਸ਼ਟੀ ਦੀ ਲੋੜ ਹੋਵੇਗੀ।

ਵਧੇਰੇ ਜਾਣਕਾਰੀ ਲਈ ਮੈਂ ਕਿਸ ਨੂੰ ਸੰਪਰਕ ਕਰਾਂ?

ਜੇ ਤੁਹਾਡੇ ਕੋਲ ਨਿਰਮਾਤਾ ਕੰਪਨੀਆਂ, ਮਨੋਰੰਜਨਕਰਤਾਵਾਂ ਅਤੇ/ਜਾਂ ਸੁਤੰਤਰ ਕੰਟ੍ਰੈਕਟਰਾਂ ਲਈ ਕਵਰੇਜ ਸਬੰਧੀ ਪ੍ਰਸ਼ਨ ਹਨ, ਜਾਂ ਜੇ ਤੁਸੀਂ ਕਵਰੇਜ ਲਈ ਦਰਖਾਸਤ ਦੇਣੀ ਚਾਹੋਗੇ, ਤਾਂ ਕਿਰਪਾ ਕਰਕੇ ਅਸੈਸਮੈਂਟ ਸਰਵਿਸਿਜ਼ ਨੂੰ 204-954-4505 'ਤੇ ਕਾਲ ਕਰੋ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ ਟੋਲ ਫ੍ਰੀ 1 855-954-4321 ਐਕਸਟੈਨਸ਼ਨ 4505 'ਤੇ ਕਾਲ ਕਰੋ, ਜਾਂ assessmentservices@wcb.mb.ca 'ਤੇ ਈਮੇਲ ਕਰੋ। ਸਾਡਾ ਫੈਕਸ ਨੰਬਰ 204-954-4900 ਹੈ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ 1 866-245-0796 'ਤੇ ਟੋਲ-ਫ੍ਰੀ ਹੈ। ਤੁਸੀਂ ਸਾਨੂੰ ਇਸ ਪਤੇ 'ਤੇ ਵੀ ਲਿਖ ਸਕਦੇ ਹੋ:

Workers Compensation Board of Manitoba
Assessment Services
333 Broadway
Winnipeg, Manitoba R3C 4W3

ਜੇ ਬੈਨਿਫਿਟਾਂ ਦੀ ਗਣਨਾ ਜਾਂ ਭੁਗਤਾਨ ਸਬੰਧੀ ਤੁਹਾਡੇ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ 204-954-4321 ਤੇ ਸਾਡੇ ਕਲੇਮਸ ਸਰਵਿਸ ਕੇਂਦਰ ਨਾਲ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ 1 855-954-4321 ਤੇ ਟੋਲ-ਫ੍ਰੀ ਕਾਲ ਕਰੋ ਅਤੇ ਪੇਮੈਂਟਸ ਵਿਭਾਗ ਨਾਲ ਗੱਲ ਕਰਨ ਲਈ ਕਹੋ।

ਤੁਸੀਂ ਸਾਨੂੰ ਇਸ ਪਤੇ 'ਤੇ ਵੀ ਲਿਖ ਸਕਦੇ ਹੋ:

Workers Compensation Board of Manitoba
Compensation Services
Attention: Payment Specialist
333 Broadway
Winnipeg, Manitoba R3C 4W3

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ* WCB ਦੀਆਂ ਨੀਤੀਆਂ *ਦੇਖੋ*। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।

ਚੋਣਵੀਂ ਕਵਰੇਜ ਲਈ ਦਰਖਾਸਤ
(ਫਿਲਮ ਅਤੇ ਸੰਗੀਤ ਉਤਪਾਦਨ - ਉਦਯੋਗ ਕੋਡ 505-05)

ਇਹ ਯਕੀਨੀ ਬਣਾਉਣ ਲਈ ਕਿ ਜੇ ਤੁਸੀਂ ਮੈਨੀਟੋਬਾ ਵਿੱਚ ਕੰਮ ਕਰਦੇ ਸਮੇਂ ਜ਼ਖਮੀ ਹੋ ਜਾਂਦੇ ਹੋ, ਤਾਂ ਤੁਹਾਨੂੰ ਸੁਰੱਖਿਅਤ ਤਰੀਕੇ ਨਾਲ ਜਲਦੀ ਤੋਂ ਜਲਦੀ ਸਿਹਤਯਾਬ ਹੋਣ ਅਤੇ ਕੰਮ 'ਤੇ ਵਾਪਸੀ ਲਈ ਲੋੜੀਂਦੇ ਬੈਨਿਫਿਟ ਮਿਲਣ, ਤੁਹਾਡੀ ਤਰਫੋਂ ਮਨੀਟੋਬਾ ਦੇ ਵਰਕਰਜ਼ ਕੰਪਨਸੇਸ਼ਨ ਬੋਰਡ (WCB) ਤੋਂ ਚੋਣਵਾਂ ਬੀਮਾ ਖਰੀਦਿਆ ਜਾਵੇਗਾ।

ਵਿਕਲਪ ਕਵਰੇਜ, ਸੱਟ ਲੱਗਣ ਦੇ ਨਤੀਜੇ ਵਜੋਂ ਮਜ਼ਦੂਰੀ ਦੀ ਹਾਨੀ ਹੋਣ ਸਥਿਤੀ ਵਿੱਚ, ਇਕਰਾਰਨਾਮੇ ਦੀ ਮਿਆਦ ਦੇ ਅਨੁਸਾਰ, 2023 ਲਈ ਅਧਿਕਤਮ $153,380 ਤੱਕ ਭੁਗਤਾਨ ਕੀਤਾ ਜਾਵੇਗਾ। ਜੇ ਸੱਟ ਅਤੇ ਨਤੀਜੇ ਵਜੋਂ ਹੋਣ ਵਾਲਾ ਘਾਟਾ ਇਕਰਾਰਨਾਮੇ ਦੀ ਮਿਆਦ ਤੋਂ ਬਾਅਦ ਜਾਰੀ ਰਹਿੰਦਾ ਹੈ, ਤਾਂ ਮਜ਼ਦੂਰੀ ਦੀ ਹਾਨੀ ਦੇ ਫਾਇਦਿਆਂ ਦੀ ਗਣਨਾ WCB ਦੀ ਔਸਤ ਕਮਾਈ ਦੀ ਨੀਤੀ ਮੁਤਾਬਕ ਕੀਤੀ ਜਾਵੇਗੀ ਅਤੇ $153,380 ਦੀ ਵੱਧ ਤੋਂ ਵੱਧ ਚੋਣਵੀ ਕਵਰੇਜ ਪੱਧਰ ਤੱਕ ਭੁਗਤਾਨ ਕੀਤਾ ਜਾਵੇਗਾ। ਤਨਖਾਹ ਦੇ ਨੁਕਸਾਨ ਦੇ ਜਾਰੀ ਬੈਨਿਫਿਟਾਂ ਦੇ ਭੁਗਤਾਨ ਲਈ ਕਮਾਈਆਂ ਦੀ ਪੁਸ਼ਟੀ ਦੀ ਲੋੜ ਹੋਵੇਗੀ। ਇਸ ਅਰਜ਼ੀ ਤੇ ਦਸਤਖਤ ਕਰਕੇ, ਮੈਨੀਟੋਬਾ ਵਿੱਚ ਆਪਣੇ ਰੁਜ਼ਗਾਰ ਜਾਂ ਇਕਰਾਰਨਾਮੇ ਕਰਕੇ ਜਾਂ ਇਸ ਦੌਰਾਨ ਲੱਗਣ ਵਾਲੀਆਂ ਕਿਸੇ ਵੀ ਕੰਮ ਸਬੰਧਤ ਸੱਟ ਜਾਂ ਬਿਮਾਰੀ ਲਈ ਤੁਹਾਡੇ ਮਾਲਕ ਜਾਂ ਤੁਹਾਡੇ ਇਕਰਾਰਨਾਮੇ ਦੇ ਧਾਰਕ ਵਿਰੁੱਧ ਮੁਕੱਦਮਾ ਕਰਨ ਦੇ ਅਧਿਕਾਰਾਂ ਦਾ ਤਿਆਗ ਕੀਤਾ ਜਾਂਦਾ ਹੈ।

ਪ੍ਰੋਡਕਸ਼ਨ ਕੰਪਨੀ: _____

ਪ੍ਰੋਜੈਕਟ ਸਿਰਲੇਖ: _____

ਪ੍ਰੋਡਕਸ਼ਨ ਸ਼ੁਰੂ ਕਰਨ ਦੀ ਤਾਰੀਖ (ਦਿਨ/ਮਹੀਨਾ/ਸਾਲ): _____

ਵਿਅਕਤੀਗਤ ਜਾਣਕਾਰੀ

ਗੋਤ, ਨਾਮ ਦਾ ਪਹਿਲਾ ਹਿੱਸਾ, ਸ਼ੁਰੂਆਤੀ ਅੱਖਰ: _____

ਬੇਨਤੀ ਕੀਤੀ ਕਵਰੇਜ ਦਾ ਪੱਧਰ (ਵੱਧ ਤੋਂ ਵੱਧ ਵਿਕਲਪਕ ਕਵਰੇਜ ਦੇ ਪੱਧਰ ਤਕ): _____

ਮੈਂ ਉੱਪਰ ਦਿੱਤੀ ਜਾਣਕਾਰੀ ਨੂੰ ਪੜ੍ਹ ਲਿਆ ਹੈ ਅਤੇ ਸਮਝਦਾ/ਸਮਝਦੀ ਹਾਂ।

_____ _____

ਦਸਤਖਤ
(ਵਿਅਕਤੀ ਜਾਂ ਅਧਿਕਾਰਤ ਏਜੰਟ)

ਮਿਤੀ

_____ _____

ਸਪੱਸ਼ਟ ਅੱਖਰਾਂ ਵਿੱਚ ਨਾਮ

ਸਿਰਲੇਖ

_____ _____

ਗਵਾਹ ਦੇ ਦਸਤਖਤ

ਮਿਤੀ

_____ _____

ਸਪੱਸ਼ਟ ਅੱਖਰਾਂ ਵਿੱਚ ਨਾਮ

ਸਿਰਲੇਖ